ਸਰਵ ਸਿੱਖਿਆ ਅਭਿਆਨ
ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਐ:ਸਿ),
**ਸਥਾਨ: ਮੈਗਜੀਨ ਮੁਹੱਲਾ ਨੇੜ੍ਹੇ ਰਾਮ ਪੁੱਲੀ ਵਾਲਾ ਸੰਗਰੂਰ।**
ਫੋਨ ਅਤੇ ਫੈਕਸ ਨੰ: 01672-221250
ਈ-ਮੇਲ: **missangrur@gmail.com**

ਵੱਲ

ਸਮੂਹ ਸਕੂਲ ਮੁਖੀ,
ਸਸਸਸ,ਸਹਸ,ਸਮਸ
ਜਿਲ੍ਹਾ ਸੰਗਰੂਰ।

**ਪੱਤਰ ਨੰ: ਐੱਸ.ਐੱਸ.ਏ./ਐੱਮ.ਆਈ.ਐੱਸ/2015/** 1578 **ਮਿਤੀ: 09-09-2015**

**ਵਿਸ਼ਾ:- ਭਾਰਤ ਸਰਕਾਰ ਵਲੋਂ ਨਵੀਂ ਸਿੱਖਿਆ ਨੀਤੀ 2015 ਬਣਾਉਣ ਸਬੰਧੀ ।**

ਉਪਰੋਕਤ ਵਿਸ਼ੇ ਸਬੰਧੀ ਭਾਰਤ ਸਰਕਾਰ ਦੁਆਰਾ ਨਵੀਂ ਸਿੱਖਿਆ ਨੀਤੀ 2015 ਉਲੀਕਣ ਲਈ ਪਿੰਡ ਪੱਧਰ ਤੋਂ ਫੀਡਬੈਕ ਲੈਣ ਦਾ ਫੈਂਸਲਾ ਕੀਤਾ ਗਿਆ ਹੈ। ਜਿਸ ਦੇ ਸਬੰਧ ਵਿੱਚ ਪੰਜਾਬ ਸਰਕਾਰ ਵਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਨਵੀਂ ਸਿੱਖਿਆ ਨੀਤੀ ਉਲੀਕਣ ਲਈ ਪਿੰਡ ਪੱਧਰ ਤੇ ਪੰਚਾਇਤ ਮੱਖੀ (ਸਰਪੰਚ), ਸਕੂਲ ਮੈਨਜਮੈਂਟ ਕਮੇਟੀ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਦੀ ਸਾਂਝੀ ਮੀਟਿੰਗ ਸਕੂਲ ਮੱਖੀ ਵਲੋ **10-09-2015 ਤੋਂ 15-09-2015** ਦੇ ਵਿੱਚ ਕੀਤੀ ਜਾਵੇਗੀ। ਜਿਸ ਵਿੱਚ ਪਿੰਡ ਦੇ ਸਰਪੰਚ ਦਾ ਹੋਣਾ ਲਾਜਮੀ ਹੋਵੇਗਾ। ਇਸ ਸਬੰਧੀ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ।

1. ਇਸ ਮੀਟਿੰਗ ਵਿੱਚ ਨਾਲ ਨੱਥੀ ਪ੍ਰਫਾਰਮਾ ਜਿਸ ਵਿੱਚ ਸਰਕਾਰ ਦੁਆਰਾ ਸਿੱਖਿਆ ਨੀਤੀ ਸਬੰਧੀ ਜੋ ਪ੍ਰਸ਼ਨ ਪੁੱਛੇ ਗਏ ਹਨ, ਉਸ ਨੂੰ ਵਿਚਾਰਿਆ ਜਾਵੇਗਾ ਅਤੇ ਸਬੰਧਤ ਪ੍ਰਸ਼ਨਾਂ ਦੇ ਕਮੇਟੀ ਅਤੇ ਸਰਪੰਚ ਦੁਆਰਾ ਸਾਝੇ ਤੋਰ ਤੇ ਵਿਚਾਰ ਦਰਜ ਕੀਤੇ ਜਾਣਗੇ।ਸਕੂਲ ਸਟਾਫ/ ਮੁਖੀ ਸਿਰਫ ਸਹਾਇਕ ਦੀ ਭੂਮਿਕਾ ਹੀ ਨਿਭਾਉਣਗੇ।**ਨੱਥੀ:- ਪ੍ਰਸ਼ਨ-ਪੱਤਰ/ਪ੍ਰੋਫਾਰਮਾ (ਨਵੀ ਸਿੱਖਿਆ ਨੀਤੀ -ਸਕੂਲ ਸਿੱਖਿਆ-ਪਿੰਡ ਪੱਧਰ)**

2. ਇਸ ਮੀਟਿੰਗ ਸਬੰਧੀ ਮਤਾ ਵੀ ਪਾਇਆ ਜਾਵੇਗਾ।ਜਿਸ ਵਿੱਚ ਉਪਰੋਕਤ ਪ੍ਰੋਫਾਰਮੇ ਨੂੰ ਵਿਚਾਰਨ ਉਪਰੰਤ ਜੋ ਵਿਚਾਰ ਦਰਜ ਕੀਤੇ ਜਾਣੇ ਹਨ ਉਸ ਸਬੰਧੀ ਸਮੂਹ ਮੈਂਬਰਾਂ ਦੀ ਸਹਿਮਤੀ ਲਈ ਜਾਵੇਗੀ।

3. ਧਿਆਨ ਰਹੇ ਕਿ ਪੰਚਾਇਤ ਮੁਖੀ, ਸਮੁੱਚੀ ਕਮੇਟੀ ਅਤੇ ਪਤਵੰਤੇ ਸੱਜਣਾਂ ਦੀ ਰਾਏ ਨਾਲ ਉਹਨਾਂ ਦੇ ਸਾਂਝੇ ਵਿਚਾਰਾਂ ਨੂੰ ਇੱਕ ਹੀ **ਪ੍ਰਸ਼ਨ-ਪੱਤਰ/ਪ੍ਰੋਫਾਰਮਾ** ਵਿੱਚ ਦਰਜ ਕੀਤਾ ਜਾਵੇ ਅਤੇ ਪ੍ਰਸ਼ਨਾਂ ਦਾ ਸੰਖੇਪ ਉੱਤਰ ਦੇਣ ਵਿੱਚ ਕਮੇਟੀ ਮੈਬਰਾਂ ਦੀ ਮਦਦ ਕੀਤੀ ਜਾਵੇ।

4 ਜੇਕਰ ਕਿਸੇ ਪਿੰਡ ਵਿੱਚ ਪ੍ਰਾਇਮਰੀ,ਮਿਡਲ, ਹਾਈ, ਸੀਨੀਅਰ ਸਕੈਡਰੀ ਸਕੂਲ ਹੈ,ਤਾਂ ਉਹਨਾਂ ਵਿਚੋਂ ਉੱਚ ਪੱਧਰ ਦੇ ਸਕੂਲ ਵਲੋਂ ਮੀਟਿੰਗ ਬੁਲਾਈ ਜਾਵੇਗੀ।**ਭਾਵ ਇੱਕ ਪਿੰਡ ਦਾ ਇੱਕ ਹੀ ਪ੍ਰੋਫਾਰਮਾ ਭਰਿਆ ਜਾਵੇਗਾ।**

4. ਮਤੇ ਉੱਪਰ ਸਰਪੰਚ ਦਾ ਨਾਮ ਅਤੇ ਮੋਬਾਇਲ ਨੰਬਰ ਸਪਸ਼ਟ ਲਿਖਿਆ ਹੋਣਾ ਚਾਹੀਦਾ ਹੈ।

**5.** ਮਤੇ ਉੱਪਰ ਅਤੇ ਪ੍ਰਸ਼ਨ-ਪੱਤਰ/ਪ੍ਰੋਫਾਰਮਾ ਉੱਪਰ ਸਮੂਹ ਹਾਜਰ ਮੈਂਬਰਾਂ ਦੇ ਦਸਤਖਤ ਸਮੇਤ ਸਰਪੰਚ ਅਤੇ ਸਕੂਲ ਦੀ ਮੋਹਰ ਕਰਵਾ ਲਏ ਜਾਣ।

6 **ਮਤੇ ਦੀ ਫੋਟੋ ਸਟੇਟ ਕਾਪੀ ਅਤੇ ਅਸਲ ਪ੍ਰਸ਼ਨ-ਪੱਤਰ/ਪ੍ਰੋਫਾਰਮਾ** ਮਿਤੀ **15-09-2015 ਨੂੰ ਸ਼ਾਮ ਤੱਕ** ਸਕੂਲ ਮੁਖੀ ਵਲੋਂ **ਸੰਬਧਤ ਬੀ.ਪੀ.ਈ.ਓ ਦਫਤਰ** ਵਿਖੇ ਪੁਜਦੇ ਕੀਤੇ ਜਾਣ।

ਸਰਵ ਸਿੱਖਿਆ ਅਭਿਆਨ
ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਐ:ਸਿ),
ਸਥਾਨ: ਮੈਗਜੀਨ ਮੁੱਹਲਾ ਨੇੜ੍ਹੇ ਰਾਮ ਪੁੱਲੀ ਵਾਲਾ ਸੰਗਰੂਰ।
ਫੋਨ ਅਤੇ ਫੈਕਸ ਨੰ: 01672-221250
ਈ-ਮੇਲ: missangrur@gmail.com

7. ਉਕਤ ਭਰੇ ਹੋਏ ਅਸਲ **ਮਤੇ ਅਤੇ ਪ੍ਰਸ਼ਨ-ਪੱਤਰ/ਪ੍ਰੋਫਾਰਮਾ** ਦੀ ਫੋਟੋ-ਕਾਪੀ ਸਕੂਲ ਦੇ ਰਿਕਾਰਡ ਵਿੱਚ ਰੱਖ ਲਈ ਜਾਵੇ ਤਾਂ ਜੋ ਕੇਂਦਰ ਸਰਕਾਰ ਦੁਆਰਾਂ ਹੋ ਰਹੀ ਚੈਕਿੰਗ ਵਿੱਚ ਸਕੂਲ ਮੁਖੀ ਲੋੜ ਪੈਣ ਤੇ ਚੈੱਕ ਕਰਵਾ ਸਕੇ।

**ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)**
**ਸੰਗਰੂਰ।**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ।
2. ਜਿਲਾ ਸੂਚਨਾਂ ਅਫਸਰ ਐਨ.ਆਈ.ਸੀ ਸੰਗਰੂਰ।
3. ਸਮੂਹ ਬੀ.ਪੀ.ਈ.ਓਜ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਦੀ ਹੈ ਕਿ ਨਿਰੋਲ ਸਰਕਾਰੀ ਪ੍ਰਾਇਮਰੀ ਸਕੂਲ ਵਾਲੇ ਪਿੰਡ ਜਾ ਜਿਹਨਾਂ ਪਿੰਡਾ ਵਿੱਚ ਸਰਕਾਰੀ ਸਕੂਲ ਉਪਲਬੱਧ ਨਹੀ ਹੈ ਉਹਨ੍ਹਾਂ ਪਿੰਡਾਂ ਵਿੱਚ ਨਾਲ ਲੱਗਦੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਰਾਹੀ ਇਹ ਕੰਮ ਉਕਤ ਮਿਤੀ ਤੱਕ ਪੂਰਾ ਕਰ ਲਿਆ ਜਾਵੇ, ਅਤੇ ਮਿਤੀ 15.09.15 ਤੋਂ ਮਿਤੀ 17.09.15 ਤੱਕ ਆਪ ਦੇ ਬਲਾਕ ਦੇ ਨਵੀ ਸਿੱਖਿਆ ਨੀਤੀ ਸੰਬਧੀ ਟ੍ਰੇਨਿੰਗ ਲੈ ਕੇ ਗਏ ਐਮ.ਆਈ.ਐਸ ਕੁਆਰਡੀਨੇਟਰ/ ਡਾਟਾ ਐਂਟਰੀ ਉਪਰੇਟਰ ਵਲੋਂ myGov.in ਪੋਰਟਲ ਤੇ ਸਕੂਲ ਤੋਂ ਪ੍ਰਾਪਤ **ਮਤੇ ਅਤੇ ਪ੍ਰਸ਼ਨ-ਪੱਤਰ/ਪ੍ਰੋਫਾਰਮਾ ਪਿੰਡ ਵਾਈਜ਼ ਅਪਲੋਡ** ਕਰਵਾ ਲਏ ਜਾਣ।

ਐਸ.ਐਸ.ਏ., ਸੰਗਰੂਰ

ਨੱਥੀ: 1. ਪ੍ਰਸ਼ਨ ਪੱਤਰ / ਪ੍ਰੋਫਾਰਮਾ (2 ਪੰਨੇ)
2. ਪਿੰਡ ਵਾਈਜ - ਸਿੱਖਿਆ ਕਮੇਟੀ [illegible]

**ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)**
**ਸੰਗਰੂਰ।**



ਸਰਵ ਸਿੱਖਿਆ ਅਭਿਆਨ
ਪੜ੍ਹੋ ਸਾਰੇ ਵਧੋ ਸਾਰੇ

ਮੁੱਢਲੀਆਂ / ਪ੍ਰਸ਼ਨ ਪੱਤਰ

# ਨਵੀਂ ਸਿੱਖਿਆ ਨੀਤੀ
## ਸਕੂਲ ਸਿੱਖਿਆ
## ਪਿੰਡ ਪੱਧਰ

| ਥੀਮ | ਪ੍ਰਸ਼ਨ | ਵਿਚਾਰ |
|---|---|---|
| **Theme 1 -Ensuring Learning Outcomes in Elementary Education** | ਮੁੱਢਲੀ, ਪੜਾਈ, ਲਿਖਾਈ ਅਤੇ ਗਿਣਤੀ ਸਿੱਖਣ ਲਈ ਬੱਚਿਆ ਨੂੰ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ? | |
| | ਇਹਨਾਂ ਨੂੰ ਦੂਰ ਕਰਨ ਲਈ ਕਿਹੜੇ ਸੰਭਵ ਕਦਮ ਤੁਹਾਡੇ ਵਲੋਂ ਚੱਕੇ ਗਏ ਹਨ। | |
| | ਕੀ ਅਧਿਆਪਕ ਲਗਾਤਾਰ ਸਕੂਲ ਆਉਂਦੇ ਹਨ? | |
| | ਐਲੀਮੈਂਟਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੜਾਉਣ ਵਿੱਚ (ਪੜਨਾ,ਲਿੱਖਣਾ ਅਤੇ ਗਿਣਤੀ ਦਾ ਹੁਨਰ ਸਿਖਾਉਣ ਵਿੱਚ) ਕਿਹਨਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ? | |
| | ਇਨ੍ਹਾਂ ਨੂੰ ਦੂਰ ਕਰਨ ਲਈ ਕਿਹੜੇ ਕੱਦਮ ਚੁੱਕਣ ਦੀ ਲੋੜ ਹੈ? | |
| | ਪ੍ਰੀਖਿਆ ਦੇ ਖਾਤਮੇ ਦਾ ਵਿਦਿਆਰਥੀਆਂ ਦੇ ਕਾਰਜ (ਕਿਰਿਆ) ਤੇ ਕੀ ਪ੍ਰਭਾਵ ਪਿਆ ਹੈ? | |
| | ਆਸਵੰਦ ਸਿਖਣ ਦੇ ਨਤੀਜਿਆਂ (Expected learning outcomes) ਦੀ ਪ੍ਰਾਪਤੀ ਲਈ ਮਾਪਿਆ ਨੂੰ ਕਿਵੇਂ ਸਿੱਖਿਅਤ ਕੀਤਾ ਜਾ ਸਕਦਾ ਹੈ, ਉਨ੍ਹਾਂ ਨੂੰ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਸੁਧਾਰਨ ਵਿੱਚ ਕਿਵੇਂ ਸ਼ਾਮਿਲ ਕੀਤਾ ਜਾ ਸਕਦਾ ਹੈ? | |
| | ਬੱਚਿਆ ਨੂੰ ਹਰ ਰੋਜ਼ ਸਕੂਲ ਭੇਜਣ ਲਈ ਮਾਪਿਆਂ ਨੂੰ ਕਿਵੇਂ ਜਾਗਰੂਕ ਕੀਤਾ ਜਾ ਸਕਦਾ ਹੈ? | |
| **Theme II: Extending outreach of Secondary and Senior Secondary Education** | ਤੁਹਾਡੇ ਬਲਾਕ ਵਿੱਚ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ? | |
| | ਕੀ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲੋੜੀਂਦੀਆਂ ਸਹੂਲਤਾਂ ਜਿਵੇਂ ਕਿ ਲੈਬ ਅਤੇ ਲੜਕੀਆਂ ਲਈ ਪਖਾਨੇ ਹਨ? | |
| | ਕੀ ਸੈਕੰਡਰੀ ਅਤੇ ਸੀਨਿਅਰ ਸੈਕੰਡਰੀ ਸਕੂਲਾਂ ਵਿੱਚ ਵਿਸ਼ਾ ਅਧਿਆਪਕ ਦੀ ਗਿਣਤੀ ਪੂਰੀ ਹੈ? ਕੀ ਸਾਰੇ ਅਧਿਆਪਕ ਰੋਜ਼ਾਨਾ ਸਕੂਲ ਆਉਂਦੇ ਹਨ,ਜੇ ਨਹੀਂ ਤਾਂ ਕੀ ਕਰਨਾ ਚਾਹੀਦਾ ਹੈ? | |
| | ਮਾਪਿਆਂ ਨੂੰ ਬੱਚਿਆ ਦੇ ਪਾਠਕਰਮ ਪ੍ਰਤੀ ਕਿਵੇ ਜਾਗਰੂਕ ਕੀਤਾ ਜਾ ਸਕਦਾ ਹੈ? | |
| | ਮਾਪਿਆਂ ਨੂੰ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਪੱਧਰ ਤੇ ਲੜਕੀਆਂ ਨੂੰ ਲਗਾਤਾਰ ਸਕੂਲ ਭੇਜਣ ਲਈ ਕਿਵੇਂ ਸਹਿਮਤ ਕੀਤਾ ਜਾ ਸਕਦਾ ਹੈ? | |
| **Theme VI: Accelerating rural literacy with special emphasis on Woman, SCs, STs & Minorities through Adult Education and National Open Schooling Systems** | ਪਿੰਡਾ ਵਿੱਚ ਬਾਲਗ ਸਾਖਰਤਾ ਕਿਸ ਪੱਧਰ ਤੇ ਹੈ, ਕੀ ਅਨਪੜ੍ਹਾ ਨੂੰ ਪੜਾਉਣ ਲਈ ਕੋਈ ਕੋਸ਼ਿਸ਼ਾਂ ਕੀਤੀਆ ਹਨ? | |
| | ਬਾਲਗ ਸਾਖਰਤਾ ਪ੍ਰੋਗਰਾਮ ਵਿੱਚ ਕਿਹੜੀਆਂ ਤਬਦੀਲੀਆਂ ਦੀ ਲੋੜ ਹੈ? | |
| | ਕੀ ਪਿੰਡਾਂ ਵਿੱਚ ਐਨ.ਆਈ.ਓ.ਐਸ ਵਿੱਚ 15 + ਉਮਰ ਦੀਆਂ ਵਿਦਿਆਰਥਣਾਂ ਰਜਿਸਟਰਡ ਹਨ, ਰੈਗੂਲਰ ਸਕੂਲਾਂ ਵਿੱਚ ਜਾਣ ਸਬੰਧੀ ਕੀ ਮਜਬੂਰੀਆਂ ਹਨ? | |

| | | |
|---|---|---|
| **Theme IX: Schools standards, School assessment and School Management systems** | ਕੀ ਸਕੂਲ ਪ੍ਰਬੰਧਣ ਕਮੇਟੀਆ ਸਥਾਨਕ ਸਕੂਲਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕ੍ਰਿਆਸ਼ੀਲ ਹਨ? | |
| | ਕੀ ਕਠੋਰ ਨਿਰੀਖਣ ਸਿਸਟਮ ਨੂੰ ਦੁਬਾਰਾ ਸ਼ੁਰੂ ਕਰਨਾ ਚਾਹੀਦਾ ਹੈ? ਮੌਜੂਦਾ ਸਕੂਲ ਪ੍ਰਬੰਧਣ ਕਮੇਟੀਆ ਵਿੱਚ ਕਿਹੜੀਆ ਤਬਦੀਲੀਆਂ ਦੀ ਸਿਫਾਰਿਸ਼ ਕਰੋਂਗੇ? | |
| | ਇਕ ਸਕੂਲ ਦੀ ਕਾਰਗੁਜ਼ਾਰੀ ਲਈ ਵਧੀਆ ਨਿਗਰਾਨੀ ਕਿਵੇ ਕੀਤੀ ਜਾ ਸਕਦੀ ਹੈ? | |
| | ਇੱਕ ਸਕੂਲ ਦੀ ਕਾਰਗੁਜ਼ਾਰੀ ਤੇ ਭਾਈਚਾਰੇ ਦਾ ਕਿੰਨਾ ਕੁ ਕੰਟਰੋਲ ਉਚਿਤ ਹੈ? | |
| **Theme X : Enabling Inclusive Education – education of SCs, STs,Minorities and children with special needs** | ਅਨੁਸੂਚਿਤ ਜਾਤੀਆ ਕਬੀਲਿਆਂ ਅਤੇ ਘੱਟ ਗਿਣਤੀ ਅਤੇ ਵਿਸ਼ੇਸ਼ ਲੋੜਾ ਵਾਲੇ ਵਿਦਿਆਰਥੀਆਂ ਦੀ ਸਿੱਖਿਆ ਨੂੰ ਉੱਚਾ ਚੁੱਕਣ ਲਈ ਕਿਹੜੇ ਉਪਰਾਲੇ ਕੀਤੇ ਗਏ ਹਨ | |
| | ਕਿਹੜੇ ਖਾਸ ਦਖਲ ਉਪਲੱਬਧ ਹਨ,ਜਿਹੜੇ ਬੱਚਿਆ ਨੂੰ ਕਮਜੋਰ ਵਰਗ ਵਿੱਚ ਰੱਖਣ ਵਿੱਚ ਰੁਕਾਵਟ ਹਨ ਇਹਨਾਂ ਲਈ ਹੋਰ ਕੀ ਕੀਤਾ ਜਾ ਸਕਦਾ ਹੈ? | |
| | ਉਹ ਕਿਹੜੀਆਂ ਖਾਸ ਦਖਲ ਹਨ ਜਿੰਨ੍ਹਾਂ ਕਰਕੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆ ਨੂੰ ਸਕੂਲਾਂ ਵਿੱਚ ਰੱਖਿਆ ਜਾ ਸਕਦਾ ਹੈ। | |
| **Theme XI: Promotion of languages** | ਕੀ ਤੁਸੀ ਮਹਿਸੂਸ ਕਰਦੇ ਹੋ ਕਿ ਸਕੂਲਾਂ ਵਿੱਚ ਇੱਕ ਤੋ ਵੱਧ ਭਾਸ਼ਾਵਾਂ ਨੂੰ ਪੜ੍ਹਾਉਣ ਦੀ ਲੋੜ ਹੈ? ਜੇ ਅਜਿਹਾ ਹੈ ਤਾਂ ਕਿਹੜੀਆਂ ਭਾਸ਼ਾਵਾਂ? ਵਿਦੇਸ਼ੀ ਭਾਸ਼ਾ ਨੂੰ ਸਕੂਲਾਂ ਵਿੱਚ ਪੜ੍ਹਾਉਣ ਸਬੰਧੀ ਤੁਹਾਡਾ ਕੀ ਵਿਚਾਰ ਹੈ? ਇਸ ਦੇ ਕੀ ਲਾਭ ਅਤੇ ਹਾਨੀਆਂ ਹਨ? | |
| **Theme XII: Comprehensive Education - Ethics, Physical Education, Arts & Crafts, Life skills** | ਕੀ ਨੈਤਿਕਤਾ ਅਤੇ ਚੰਗੀਆਂ ਕਦਰਾਂ ਕੀਮਤਾਂ ਸਬੰਧੀ ਸਕੂਲਾਂ ਵਿੱਚ ਪੜ੍ਹਾਉਣਾ ਚਾਹੀਦਾ ਹੈ? ਕੀ ਸਾਡੇ ਸਕੂਲਾਂ ਵਿੱਚ ਕਲਾ ਅਤੇ ਸ਼ਿਲਪ ਨੂੰ ਉੱਨਤ ਕਰਨਾ ਚਾਹੀਦਾ ਹੈ? ਅਤੇ ਬੱਚਿਆ ਨੂੰ ਆਪਣੇ ਅਮੀਰ ਵਿਰਸੇ ਅਤੇ ਪ੍ਰੰਪਰਾਵਾ ਪ੍ਰਤੀ ਗਿਆਨ ਦੇਣਾ ਚਾਹਿੰਦਾ ਹੈ? ਇਹ ਸਕੂਲਾਂ ਵਿੱਚ ਕਿਵੇਂ ਕੀਤਾ ਜਾ ਸਕਦਾ ਹੈ? ਕਿਹੜੇ ਹਨ।ਅਮਲੀ ਮੁੱਦੇ ਕੀ ਹਨ? | |
| | ਕਿੰਨੇ ਸਕੂਲਾਂ ਕੋਲ ਖੇਡ ਦੇ ਮੈਦਾਨ ਅਤੇ ਖੇਡਾਂ ਲਈ ਹੋਰ ਸਹੂਲਤਾਂ ਹਨ? ਸਕੂਲ ਖੇਡਾਂ ਨੂੰ ਕਿਵੇ ਉਨੱਤ ਕਰਦੇ ਹਨ? ਕੀ ਸਕੂਲਾਂ ਵਿੱਚ ਖੇਡਾਂ ਦਾ ਅਯੋਜਨ ਕੀਤਾ ਜਾਂਦਾ ਹੈ? | |
| **Theme XIII: Focus on Child Health** | ਕੀ ਤੁਸੀ ਸੋਚਦੇ ਹੋ ਕਿ ਤੁਹਾਡੇ ਪਿੰਡ ਦੇ ਸਕੂਲ ਵਿੱਚ ਮਿਡ-ਡੇ-ਮੀਲ ਸਕੀਮ ਬੱਚਿਆ ਲਈ ਸਹਾਈ ਹੈ? | |
| | ਕੀ ਐਮ.ਡੀ.ਐਮ ਸਕੀਮ ਲਾਗੂ ਕਰਨ ਵਿੱਚ ਕੋਈ ਉਪਰੇਸ਼ਨਲ ਮੁੱਦੇ ਹਨ? ਇਹਨਾਂ ਨੂੰ ਸੁਧਾਰਨ ਲਈ ਸੁਝਾਅ ਦਿਉ। | |
| | ਬੱਚਿਆ ਦੀ ਸਿਹਤ ਸੁਧਾਰਨ ਲਈ ਹੋਰ ਕਿਹੜੇ ਕਦਮ ਚੁੱਕੇ ਗਏ ਹਨ?ਜਿਵੇਂ ਕਿ ਹੈਲਥ ਚੈਕ ਅਪ ਆਦਿ। | |
| | ਕੀ ਤੁਹਾਡੇ ਪਿੰਡ ਦੇ ਆਗਣਵਾੜੀ ਅਤੇ ਸਕੂਲ ਵਿੱਚ ਤਾਲਮੇਲ ਹੈ ਤਾਂ ਕਿ ਸਾਰੇ ਬੱਚੇ 6 ਸਾਲ ਦੀ ਉਮਰ ਵਿੱਚ ਸਕੂਲ ਦਾਖਲ ਹੋ ਸਕਣ? | |

2/2

**Name:** ____________________ **Village Name:** ____________________

**Contact No:** ____________________ **Signature:** ____________________